# FAQ ਅਕਸਰ ਪੁੱਛੇ ਜਾਣ ਵਾਲੇ ਸਵਾਲ

MULTI MATERIAL BC

## ਐੱਮ ਐੱਮ ਬੀ ਸੀ ਰੀਸਾਈਕਲਿੰਗ ਪ੍ਰੋਗਰਾਮ

### ਕੂੜ-ਕਬਾੜ ਘਟਾਉਣ ਲਈ ਨਵੇਂ ਕਦਮ

## ਐੱਮ ਐੱਮ ਬੀ ਸੀ ਕੀ ਹੈ?

ਮਲਟੀ-ਮਟੀਰੀਅਲ ਬੀ ਸੀ **(MMBC)** ਇਕ ਨਾਨ-ਪ੍ਰਾਫਿਟ ਸੰਸਥਾ ਹੈ ਜਿਹੜੀ ਬੀ ਸੀ ਭਰ 'ਚ ਕਈ ਖੇਤਰਾਂ 'ਚ ਰਿਹਾਇਸ਼ੀ ਰੀਸਾਈਕਲਿੰਗ ਪ੍ਰੋਗਰਾਮ ਚਲਾਉਣ ਲਈ ਜ਼ਿੰਮੇਵਾਰ ਹੈ।ਐੱਮ ਐੱਮ ਬੀ ਸੀ ਇਹ ਸੇਵਾ ਸਥਾਨਕ ਸਰਕਾਰਾਂ, ਫਸਟ ਨੇਸ਼ਨਾਂ, ਪ੍ਰਾਈਵੇਟ ਕੰਪਨੀਆਂ ਅਤੇ ਨਾਨ-ਪ੍ਰਾਫਿਟ ਸੰਸਥਾਵਾਂ ਨਾਲ ਭਾਈਵਾਲੀ ਦੁਆਰਾ ਪ੍ਰਦਾਨ ਕਰਦੀ ਹੈ।ਐੱਮ ਐੱਮ ਬੀ ਸੀ ਨੂੰ ਉਹ ਬਿਜ਼ਨਸ ਫੰਡ ਦਿੰਦੇ ਹਨ ਜਿਹੜੇ ਬੀ ਸੀ ਵਾਸੀਆਂ ਨੂੰ ਪੈਕੇਜਿੰਗ ਅਤੇ ਛਪਿਆ ਪੇਪਰ ਸਪਲਾਈ ਕਰਦੇ ਹਨ, ਇੰਜ ਰੀਸਾਈਕਲਿੰਗ ਦੇ ਖਰਚੇ ਮਿਊਂਸਪੈਲਿਟੀਆਂ ਸਿਰੋਂ ਹਟ ਜਾਂਦੇ ਹਨ।

## ਸਿਟੀ ਐੱਮ ਐੱਮ ਬੀ ਸੀ ਪ੍ਰੋਗਰਾਮ 'ਚ ਕਿਉਂ ਸ਼ਾਮਲ ਹੋਇਆ?

ਐੱਮ ਐੱਮ ਬੀ ਸੀ ਰੀਸਾਈਕਲਿੰਗ ਪ੍ਰੋਗਰਾਮ 'ਚ ਸ਼ਾਮਲ ਹੋਣ ਨਾਲ ਸਿਟੀ ਦੀਆਂ ਰੀਸਾਈਕਲਿੰਗ ਸੇਵਾਵਾਂ ਲਈ ਫੰਡ ਸੇਵਾਵਾਂ ਪ੍ਰਾਪਤ ਕਰਨ ਵਾਲਿਆਂ ਤੋਂ ਫੀਸਾਂ ਵਜੋਂ ਲੈਣ ਦੀ ਬਜਾਏ ਉਨ੍ਹਾਂ ਉਤਪਾਦਕਾਂ ਤੋਂ ਮਿਲਣਗੇ ਜਿਹੜੇ ਪੈਕੇਜਿੰਗ ਅਤੇ ਛਪਿਆ ਪੇਪਰ ਸਪਲਾਈ ਕਰਦੇ ਹਨ। ਐਬਟਸਫੋਰਡ ਐੱਮ ਐੱਮ ਬੀ ਸੀ ਵਾਸਤੇ ਇਹ ਰੀਸਾਈਕਲਿੰਗ ਸਮੱਗਰੀਆਂ ਇਕੱਠੀਆਂ ਕਰੇਗਾ ਅਤੇ ਇਸਦੇ ਬਦਲੇ ਸਲਾਨਾਂ ਆਧਾਰ 'ਤੇ 1 ਮਿਲੀਅਨ ਡਾਲਰ ਦੇ ਕਰੀਬ ਪ੍ਰੋਗਰਾਮ ਰੈਵੇਨਿਊ ਪ੍ਰਾਪਤ ਕਰੇਗਾ। ਇਸ ਨਾਲ ਠੋਸ ਕੂੜ-ਕਬਾੜ ਦੇ ਪ੍ਰੋਗਰਾਮ ਨੂੰ ਮੌਕੇ ਮੁਹੱਈਆ ਹੋਣਗੇ ਅਤੇ ਸੇਵਾਵਾਂ ਪ੍ਰਾਪਤ ਕਰਨ ਵਾਲਿਆਂ ਦੀਆਂ ਫੀਸਾਂ ਘੱਟ ਰੱਖਣ 'ਚ ਮਦਦ ਮਿਲੇਗੀ।

## ਇਸ ਪ੍ਰੋਗਰਾਮ ਨਾਲ ਰੀਸਾਈਕਲਿੰਗ ਸੇਵਾ ਕਿਵੇਂ ਬਦਲਦੀ ਹੈ?

ਇਹ ਆਸ ਕੀਤੀ ਗਈ ਹੈ ਕਿ ਐੱਮ ਐੱਮ ਬੀ ਸੀ ਪ੍ਰੋਗਰਾਮ ਦੇ ਨਤੀਜੇ ਵਜੋਂ ਸਮੁੱਚੇ ਤੌਰ 'ਤੇ ਵਧੇਰੇ ਸਮੱਗਰੀ ਰੀਸਾਈਕਲ ਹੋਵੇਗੀ, ਜਿਸ ਨਾਲ ਸਿਟੀ ਨੂੰ ਕੂੜ-ਕਬਾੜ ਲੈਂਡਫਿੱਲ 'ਚ ਜਾਣ ਤੋਂ ਮੋੜਨ ਦੇ ਆਪਣੇ ਟੀਚੇ ਪ੍ਰਾਪਤ ਕਰਨ 'ਚ ਮਦਦ ਮਿਲੇਗੀ। ਨਿਵਾਸੀਆਂ ਲਈ ਵੀ ਰੀਸਾਈਕਲ ਕੀਤੇ ਜਾ ਸਕਣ ਵਾਲੇ ਸਮਾਨ ਦੀ ਲਿਸਟ ਵੱਡੀ ਹੋ ਜਾਵੇਗੀ, ਭਾਵੇਂ ਉਹ ਸੜਕ ਕਿਨਾਰਿਉਂ ਚੁੱਕਣ ਦੇ ਪ੍ਰੋਗਰਾਮ ਰਾਹੀਂ ਹੋਵੇ ਜਾਂ ਡਿੱਪੋ 'ਤੇ ਸੁੱਟ ਸਕਣ ਰਾਹੀਂ ਹੋਵੇ।

## ਕਿਹੜੀਆਂ ਹੋਰ ਮਿਊਂਸਪੈਲਿਟੀਆਂ ਐੱਮ ਐੱਮ ਬੀ ਸੀ ਪ੍ਰੋਗਰਾਮ 'ਚ ਸ਼ਾਮਲ ਹੋਈਆਂ ਹਨ?

2014 'ਚ ਇਸਦੇ ਕੰਮ ਕਰਨਾਂ ਸ਼ੁਰੂ ਕਰਨ ਤੋਂ ਲੈ ਕੇ 75 ਤੋਂ ਵੱਧ ਸਥਾਨਕ ਸਰਕਾਰਾਂ ਅਤੇ ਫਟਸ ਨੇਸ਼ਨਾਂ ਐੱਮ ਐੱਮ ਬੀ ਸੀ ਪ੍ਰੋਗਰਾਮ 'ਚ ਸ਼ਾਮਲ ਹੋਈਆਂ ਹਨ ਅਤੇ ਡਿਸਟ੍ਰਿਕਟ ਆਫ ਮਿਸ਼ਨ ਅਤੇ ਸਿਟੀ ਆਫ ਚਿੱਲੀਵੈਕ ਵੀ 2017 ਦੇ ਸ਼ੁਰੂ 'ਚ ਐੱਮ ਐੱਮ ਬੀ ਸੀ ਪ੍ਰੋਗਰਾਮ 'ਚ ਸ਼ਾਮਲ ਹੋ ਜਾਣਗੇ।

**ENGINEERING & REGIONAL UTILITIES**
604-864-5514
eng-info@abbotsford.ca
**www.abbotsford.ca**

ABBOTSFORD

## ਕੀ ਉਨ੍ਹਾਂ ਸਮੱਗਰੀਆਂ ਦੀ ਲਿਸਟ ‘ਚ ਵੀ ਤਬਦੀਲੀਆਂ ਹੋਣਗੀਆਂ ਜਿਹੜੀਆਂ ਹੁਣ ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਮਨਜ਼ੂਰ ਕੀਤੀਆਂ ਜਾਂਦੀਆਂ ਹਨ?

ਹਾਂ। ਸ਼ੀਸ਼ਾ ਅਤੇ ਫਿਲਮ ਪਲਾਸਟਿਕ (ਸ਼ਾਪਿੰਗ ਬੈਗ, ਬਰੈੱਡ ਬੈਗ ਅਤੇ ਹੋਰ ਉੱਪਰ ਲਪੇਟਣ ਵਾਲੀ ਪਲਾਸਟਿਕ) ਹੁਣ ਸੜਕ ਕਿਨਾਰਿਉਂ ਚੁੱਕਣ ਵਾਲੇ ਨੀਲੇ ਬੈਗਾਂ ‘ਚ ਮਨਜ਼ੂਰ ਨਹੀਂ ਕੀਤੇ ਜਾਣਗੇ, ਪਰੰਤੂ ਇਹ ਕਿਸੇ ਐੱਮ ਐੱਮ ਬੀ ਸੀ ਰੀਸਾਈਕਲਿੰਗ ਡਿੱਪੋ ‘ਤੇ ਜਾ ਕੇ ਸੁੱਟੇ ਜਾ ਸਕਦੇ ਹੋਣਗੇ। ਪਲਾਸਟਿਕ ਬੈਗ ਸਥਾਨਕ ਰਿਟੇਲਰਾਂ ਪਾਸ ਵੀ ਸੁੱਟੇ ਜਾ ਸਕਦੇ ਹਨ ਜਿਹੜੇ ਰੀਸਾਈਕਲਿੰਗ ਲਈ ਇਨ੍ਹਾਂ ਸਮੱਗਰੀਆਂ ਨੂੰ ਮਨਜ਼ੂਰ ਕਰਦੇ ਹਨ। ਨਵੀਂਆਂ ਸਮੱਗਰੀਆਂ ਜੋ ਨੀਲੇ ਬੈਗਾਂ ‘ਚ ਚੁੱਕੀਆਂ ਜਾਣਗੀਆਂ ਉਨ੍ਹਾਂ ‘ਚ ਸ਼ਾਮਲ ਹਨ ਕੌਫੀ ਕੱਪ ਅਤੇ ਢੱਕਣ, ਪਾਲਤੂ ਜਾਨਵਰਾਂ ਦੇ ਭੋਜਨ ਦੇ ਪੇਪਰ ਬੈਗ ਅਤੇ ਪਲਾਸਟਿਕ ਕੰਟੇਨਰਾਂ ਦੀ ਵਧਾਈ ਹੋਈ ਇਕ ਲਿਸਟ।

## ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਸ਼ੀਸ਼ਾ ਕਿਉਂ ਮਨਜ਼ੂਰ ਨਹੀਂ ਕੀਤਾ ਜਾਵੇਗਾ?

ਕੂੜ-ਕਬਾੜ ਚੁੱਕਣ ਦੌਰਾਨ ਸ਼ੀਸ਼ਾ ਸੌਖਿਆਂ ਹੀ ਟੁੱਟ ਸਕਦਾ ਹੈ ਅਤੇ ਇੰਜ ਫਿਰ ਇਸਨੂੰ ਹੋਰ ਰੀਸਾਈਕਲ-ਯੋਗ ਸਮਾਨ ਨਾਲੋਂ ਵੱਖ ਕਰ ਸਕਣਾ ਵਧੇਰੇ ਔਖਾ ਹੋ ਜਾਂਦਾ ਹੈ। ਇੰਜ ਇਹ ਸ਼ੀਸ਼ੇ ਅਤੇ ਨੀਲੇ ਬੈਗ ਵਾਲੀ ਹੋਰ ਸਮੱਗਰੀ ਦੇ ਥੋੜੀ ਮਾਤਰਾ ‘ਚ ਰੀਸਾਈਕਲ ਹੋ ਸਕਣ ਦੀ ਵਜਹ ਬਣਦਾ ਹੈ।

## ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਫਿਲਮ ਪਲਾਸਟਿਕਾਂ ਕਿਉਂ ਮਨਜ਼ੂਰ ਨਹੀਂ ਕੀਤੀਆਂ ਜਾਣਗੀਆਂ?

ਕੂੜ-ਕਬਾੜ ਚੁੱਕਣ ਦੌਰਾਨ ਫਿਲਮ ਪਲਾਸਟਿਕਾਂ (ਸ਼ਾਪਿੰਗ ਬੈਗ, ਬਰੈੱਡ ਬੈਗ ਅਤੇ ਹੋਰ ਲਪੇਟਣ ਵਾਲੀ ਪਲਾਟਿਕ) ਹੋਰ ਰੀਸਾਈਕਲ-ਯੋਗ ਸਮਾਨ ‘ਚ ਰਲ ਜਾਂਦੀਆਂ ਹਨ ਅਤੇ ਵੱਖ ਕਰਨੀਆਂ ਔਖੀਆਂ ਹਨ। ਹੋਰ ਸਮੱਗਰੀਆਂ ਨਾਲ ਚੁੱਕੇ ਗਏ ਪਲਾਸਟਿਕ ਬੈਗ ਪ੍ਰਾਸੈੱਸ ਕਰਨ ਵਾਲੇ ਸਾਜ਼-ਸਮਾਨ ‘ਚ ਵੀ ਫਸ ਜਾਂਦੇ ਹਨ। ਇੰਨ੍ਹਾਂ ਦੋਹਾਂ ਕਾਰਨਾਂ ਕਰਕੇ ਫਿਲਮ ਪਲਾਸਟਿਕਾਂ ਅਤੇ ਰੀਸਾਈਕਲ ਕੀਤੀਆਂ ਜਾਣ ਵਾਲੀਆਂ ਹੋਰ ਸਮੱਗਰੀਆਂ ਥੋੜ੍ਹੀ ਮਾਤਰਾ ‘ਚ ਰੀਸਾਈਕਲ ਹੁੰਦੀਆਂ ਹਨ। ਜਦੋਂ ਪਲਾਸਟਿਕ ਬੈਗ ਅਤੇ ਲਪੇਟਣ ਵਾਲੀ ਪਲਾਸਟਿਕ ਡਿੱਪੋ ਤੇ ਮੋੜੇ ਜਾਂਦੇ ਹਨ ਤਾਂ ਸਟਾਫ ਚੰਗੀ ਤਰ੍ਹਾਂ ਵੇਖ ਲੈਂਦਾ ਹੈ ਕਿ ਉਹ ਸਮੱਗਰੀ ਖਾਲੀ, ਸਾਫ ਅਤੇ ਸੁੱਕੀ ਹੋਈ ਹੈ ਅਤੇ ਇਹ ਵੀ ਕਿ ਕੇਵਲ ਸਹੀ ਪ੍ਰਕਾਰ ਦੀ ਨਰਮ ਪਲਾਸਟਿਕ ਹੀ ਪਾਈ ਗਈ ਹੈ। ਇਸ ਨਾਲ ਯਕੀਨੀ ਹੋ ਜਾਂਦਾ ਹੈ ਕਿ ਨਾਰਥ ਅਮੈਰੀਕਨ ਰੀਸਾਈਕਲਿੰਗ ਨਿਰਮਾਤਾਵਾਂ ਦੇ ਵਿਸ਼ੇਸ਼ ਵਿਵਰਣ ਪੂਰੇ ਕੀਤੇ ਗਏ ਹਨ, ਸੋ ਉਹ ਸਮੱਗਰੀਆਂ ਸਥਾਨਕ ਤੌਰ ‘ਤੇ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ।

## ਮੈਂ ਸ਼ੀਸ਼ਾ ਅਤੇ ਫਿਲਮ ਪਲਾਸਿਟਕ ਕਿਵੇਂ ਰੀਸਾਈਕਲ ਕਰਾਂ?

ਸ਼ੀਸ਼ਾ ਅਤੇ ਫਿਲਮ ਪਲਾਸਟਿਕ ਕਿਸੇ ਐੱਮ ਐੱਮ ਬੀ ਸੀ ਡਿੱਪੋ ‘ਤੇ ਰੀਸਾਈਕਲਿੰਗ ਲਈ ਲਿਜਾਏ ਜਾ ਸਕਦੇ ਹਨ। ਐੱਮ ਐੱਮ ਬੀ ਸੀ ਦੇ ਵੈੱਬਸਾਈਟ ਾਾ.ਰੲਚੇਚਲਨਿਗਨਿਬਚ.ਚੳ ‘ਤੇ ਡਿੱਪੂਆਂ ਦੀ ਲਿਸਟ ਦਿੱਤੀ ਗਈ ਹੈ। ਕਈ ਸਥਾਨਕ ਰਿਟੇਲਰ ਵੀ ਪਲਾਸਟਿਕ ਬੈਗ ਰੀਸਾਈਕਲਿੰਗ ਵਾਸਤੇ ਲੈ ਲੈਂਦੇ ਹਨ। ਐਬਟਸਫੋਰਡ ‘ਚ ਡਿੱਪੂਆਂ ਦੇ ਸਥਾਨਾਂ ਦੀ ਮੁਕੰਮਲ ਲਿਸਟ ਅਜੇ ਮੁਕਾਈ ਨਹੀਂ ਗਈ ਅਤੇ ਨਿਵਾਸੀਆਂ ਨੂੰ ਇਹ ਫਰਵਰੀ ‘ਚ ਮੁਹੱਈਆ ਕਰ ਦਿੱਤੀ ਜਾਵੇਗੀ।

## ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਮਨਜ਼ੂਰ ਕੀਤੀਆਂ ਜਾਂਦੀਆਂ ਸਮੱਗਰੀਆਂ ਦੀ ਲਿਸਟ ਬਦਲੀ ਕਿਉਂ ਜਾ ਰਹੀ ਹੈ?

ਐੱਮ ਐੱਮ ਬੀ ਸੀ ਸੂਬੇ ਭਰ ਦਾ ਇਕ ਪ੍ਰੋਗਰਾਮ ਹੈ ਜਿਸਦੇ, ਸਾਰੀਆਂ ਮਿਊਂਸਪੈਲਿਟੀਆਂ ‘ਚ ਵੱਧ ਤੋਂ ਵੱਧ ਕੂੜ-ਕਬਾੜ ਚੁੱਕਣ ਨੂੰ ਯਕੀਨੀ ਬਣਾਉਣ ਵਾਸਤੇ ਇਕਸਾਰ ਹੋਣ ਦੀ ਲੋੜ ਹੈ। ਪ੍ਰੋਗਰਾਮ ਵੱਡੀ ਪੱਧਰ ‘ਤੇ ਹੋਣ ਕਾਰਨ ਇਸਨੂੰ ਮਾਰਕੀਟਾਂ ਦੀ ਨਿਸ਼ਚਿਤਤਾ ਲੋੜੀਂਦੀ ਹੈ ਅਤੇ ਇਸਨੂੰ ਰਵਾਇਤੀ ਤੌਰ ‘ਤੇ ਰਲ਼ੇ ਮਿਲ਼ੇ (ਮਿਸਾਲ ਵਜੋਂ ਸ਼ੀਸ਼ਾ ਅਤੇ ਫਿਲਮ ਪਲਾਸਟਿਕ ਵਾਲੇ) ਸਮੱਸਿਆਜਨਕ ਰੀਸਾਈਕਲਿੰਗ ਕੂੜ-ਕਬਾੜ ਨੂੰ ਘੱਟ ਕਰਨ ਦੀ ਲੋੜ ਹੈ, ਜਦੋਂ ਕਿ ਨਾਲ ਹੀ ਵੱਡੀ ਪੱਧਰ ‘ਚ ਬੱਚਤ ਕਰਕੇ ਨਵੀਂ ਸਮੱਗਰੀ ਮਨਜ਼ੂਰ ਕਰਨ ਦੀ ਲੋੜ ਹੋਵੇਗੀ।

## ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ 'ਚ ਕਿਹੜੀ ਨਵੀਂ ਸਮੱਗਰੀ ਮਨਜ਼ੂਰ ਕੀਤੀ ਜਾਵੇਗੀ?

ਸਿਟੀ ਅਜੇ ਵਿਸਥਾਰਾਂ ਨੂੰ ਆਖਰੀ ਛੂਹਾਂ ਦੇ ਰਿਹਾ ਹੈ, ਪਰੰਤੂ ਕੌਫੀ ਕੱਪ ਅਤੇ ਢੱਕਣ, ਪਾਲਤੂ ਜਾਨਵਰਾਂ ਦੇ ਭੋਜਨ ਵਾਲੇ ਪੇਪਰ ਬੈਗ, ਅਤੇ ਪਾਲਸਟਿਕ ਕੰਟੇਨਟਰਾਂ ਦੀ ਇਕ ਵਧਾਈ ਹੋਈ ਲਿਸਟ ਹੁਣ ਨੀਲੇ ਬੈਗਾਂ 'ਚ ਮਨਜ਼ੂਰ ਕੀਤੇ ਜਾਣਗੇ। ਨਿਵਾਸੀਆਂ ਨੂੰ ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ 'ਚ ਮਨਜ਼ੂਰ ਕੀਤੀਆਂ ਜਾਂਦੀਆਂ ਨਵੀਂਆਂ ਸਮੱਗਰੀਆਂ ਦਾ ਸਾਰ ਫਰਵਰੀ 'ਚ ਮੁਹੱਈਆ ਕੀਤਾ ਜਾਵੇਗਾ।

## ਡਿੱਪੂਆਂ 'ਤੇ ਕਿਹੜੀ ਨਵੀਂ ਸਮੱਗਰੀ ਮਨਜ਼ੂਰ ਕੀਤੀ ਜਾਵੇਗੀ?

ਨਿਵਾਸੀ ਹੁਣ ਕਿਸੇ ਐੱਮ ਐੱਮ ਬੀ ਸੀ ਰੀਸਾਈਕਲਿੰਗ ਡਿੱਪੋ 'ਤੇ ਫੋਮ ਪੈਕੇਜਿੰਗ (ਸਟਾਇਰੋਫੋਮਠੰ, ਖੋਲ੍ਹੀ ਹੋਈ ਪੌਲੀਸਟੀਰੀਨ) ਲਿਆ ਸਕਦੇ ਹਨ। ਇਸ 'ਚ ਸ਼ਾਮਲ  ਹਨ ਫੋਮ ਦੇ ਸਾਫ ਭੋਜਨ ਕੰਟੇਨਰ ਅਤੇ ਟਰੇਆਂ (ਮੀਟ ਟਰੇਆਂ, ਆਂਡਿਆਂ ਦੇ ਕਾਰਟਨ, ਕੱਪ ਆਦਿ) ਅਤੇ ਫੋਮ ਕੁਸ਼ਨ ਪੈਕੇਜਿੰਗ (ਇਲੈਕਟ੍ਰਾਨਿਕਸ, ਛੋਟੇ ਐਪਲਾਇੰਸਾਂ ਆਦਿ ਦੀ)। ਨਿਵਾਸੀ ਸੜਕ ਕਿਨਾਰਿਉਂ ਚੁੱਕਣ ਵਾਲੇ ਰੀਸਾਈਕਲਿੰਗ ਪ੍ਰੋਗਰਾਮ 'ਚ ਮਨਜ਼ੂਰ ਕੀਤੀਆਂ ਜਾਂਦੀਆਂ ਕੋਈ ਵੀ ਵਸਤਾਂ ਇੱਥੇ ਸੁੱਟ ਸਕਦੇ ਹਨ ਪਰੰਤੂ ਉਹ ਜ਼ਰੂਰ ਡਿੱਪੋ ਵਿਚਲੇ ਢੁੱਕਵੇਂ ਬਿੰਨਾਂ 'ਚ ਵੱਖ ਵੱਖ ਕਰ ਕੇ ਪਾਈਆਂ ਜਾਣ।

## ਮੈਂ ਸਥਾਨਕ ਰੀਸਾਈਕਲਿੰਗ ਡਿੱਪੋ ਕਿਵੇਂ ਲੱਭਾਂ?

ਡਿੱਪੂਆਂ ਦੀ ਲਿਸਟ ਐੱਮ ਐੱਮ ਬੀ ਸੀ ਦੇ ਵੈੱਬਸਾਈਟ **www.recyclinginbc.ca** 'ਤੇ ਦਿੱਤੀ ਗਈ ਹੈ।

ਐਬਟਸਫੋਰਡ 'ਚ ਚਾਰ ਐੱਮ ਐੱਮ ਬੀ ਸੀ ਡਿੱਪੋ ਹਨ:

**ਐਬਟਸਫੋਰਡ ਬੌਟਲ ਡਿੱਪੋ**
33236 ਵਾਲਸ਼ ਐਵੇਨਿਊ, ਐਬਟਸਫੋਰਡ

**ਐਬਟਸਫੋਰਡ ਮਿਸ਼ਨ ਰੀਸਾਈਕਲਿੰਗ ਡਿੱਪੋ (AMRD)**
33670 ਵੈਲੀ ਰੋਡ, ਐਬਟਸਫੋਰਡ

**ਐਲਡਰਗਰੋਵ, ਰਿਟਰਨ-ਇਟ ਡਿੱਪੋ**
27482 ਫਰੇਜ਼ਰ ਹਾਈਵੇਅ, ਐਲਡਰਗਰੋਵ

**ਆਰ ਐਂਡ ਟੀ ਰੀਸਾਈਕਲੇਬਲਜ਼ ਐਂਡ ਬੌਟਲ ਡਿੱਪੋ**
ਯੂਨਿਟ 23 31550 ਸਾਊਥ ਫਰੇਜ਼ਰ ਵੇਅ, ਐਬਟਸਫੋਰਡ

## ਤਬਦੀਲੀਆਂ ਕਦੋਂ ਸ਼ੁਰੂ ਹੋਣਗੀਆਂ?

ਕੂੜ-ਕਬਾੜ ਚੁੱਕਣ ਦੇ ਪ੍ਰੋਗਰਾਮ 'ਚ ਤਬਦੀਲੀਆਂ 3 ਅਪਰੈਲ 2017 ਤੋਂ ਸ਼ੁਰੂ ਹੋਣਗੀਆਂ। ਸਿਟੀ, ਐੱਮ ਐੱਮ ਬੀ ਸੀ ਨਾਲ ਮਿਲਕੇ ਫਰਵਰੀ 'ਚ ਇਸ਼ਤਿਹਾਰਬਾਜ਼ੀ ਅਤੇ ਸਿੱਖਿਆ ਦੀ ਇਕ ਮੁਹਿੰਮ ਸ਼ੁਰੂ ਕਰੇਗਾ ਤਾਂ ਕਿ ਨਿਵਾਸੀਆਂ ਨੂੰ ਮਨਜ਼ੂਰ ਕੀਤੀਆਂ ਜਾਂਦੀਆਂ ਸਮੱਗਰੀਆਂ ਵਿਚਲੀਆਂ ਤਬਦੀਲੀਆਂ ਅਤੇ ਸਥਾਨਕ ਐੱਮ ਐੱਮ ਐੱਸ ਬੀ ਸੀ ਡਿੱਪੋ ਸਥਾਨਾਂ ਬਾਰੇ ਜਾਣਕਾਰੀ ਮਿਲ ਜਾਵੇ।

## ਕੀ ਕੂੜਾ-ਕਬਾੜ ਚੁੱਕੇ ਜਾਣ ਦਾ ਮੇਰਾ ਦਿਨ ਉਹੀ ਹੈ?

ਹਾਂ। ਤੁਹਾਡਾ ਕੂੜ-ਕਬਾੜ ਚੁੱਕਣ ਦਾ ਦਿਨ ਉਹੀ ਰਹੇਗਾ। 2017 ਦਾ ਕੂੜ-ਕਬਾੜ ਚੁੱਕਣ ਦਾ ਕੈਲੰਡਰ ਜਿਹੜਾ ਦਸੰਬਰ ਮੱਧ 'ਚ ਤੁਹਾਡੇ ਘਰ ਡਾਕ ਰਾਹੀਂ ਭੇਜਿਆ ਗਿਆ ਸੀ, ਅਜੇ ਵੀ ਲਾਗੂ ਹੈ।

## ਕੀ ਕੂੜ–ਕਬਾੜ ਸਮੱਗਰੀ ਚੁੱਕਣ ਦੀ ਹੱਦ ਉਹੀ ਹੈ?

ਹਾਂ। ਨਿਵਾਸੀ ਰੀਸਾਈਕਲਿੰਗ ਵਾਲੇ ਨੀਲੇ ਬੈਗ ਜਿੰਨੇ ਮਰਜ਼ੀ ਅਤੇ ਹਰ ਹਫਤੇ 10 ਕੰਟੇਨਰਾਂ ਤੱਕ ਕੰਪੋਸਟਯੋਗ ਕੂੜ-ਕਬਾੜ, ਅਤੇ ਦੋ-ਹਫਤੀਂ 3 ਕੰਟੇਨਰ ਗਾਰਬੇਜ ਰੱਖ ਸਕਦੇ ਹਨ।

## ਅਪਰੈਲ ਦੇ ਪਹਿਲੇ ਹਫਤੇ ਜੇਕਰ ਮੇਰੇ ਨੀਲੇ ਬੈਗ 'ਚ ਸ਼ੀਸ਼ਾ ਜਾਂ ਫਿਲਮ ਪਲਾਸਿਟਕ ਹੋਣ ਤਾਂ ਕੀ ਮੇਰਾ ਨੀਲਾ ਬੈਗ ਚੁੱਕਿਆ ਜਾਵੇਗਾ?

ਸ਼ੀਸ਼ੇ ਅਤੇ ਫਿਲਮ ਪਲਾਸਟਿਕ ਵਾਲੇ ਨੀਲੇ ਬੈਗ ਅਪਰੈਲ 'ਚ ਚੁੱਕੇ ਜਾਂਦੇ ਰਹਿਣਗੇ ਅਤੇ ਸਿਟੀ ਤੁਹਾਨੂੰ ਇਕ ਯਾਦ ਕਰਾਉਣ ਵਾਲਾ ਨੋਟਿਸ ਛੱਡ ਕੇ ਜਾਵੇਗਾ। 1 ਮਈ ਤੋਂ ਬੈਗ, ਜਿੰਨ੍ਹਾਂ 'ਚ ਸ਼ੀਸ਼ਾ ਜਾਂ ਫਿਲਮ ਪਲਾਸਟਿਕ ਪਏ ਹੋਣਗੇ, ਚੁੱਕੇ ਨਹੀਂ ਜਾਣਗੇ।

## ਕੀ ਐੱਮ ਐੱਮ ਬੀ ਸੀ ਪ੍ਰੋਗਰਾਮ ਮਲਟੀ–ਫੈਮਿਲੀ ਘਰ ਵਾਸੀਆਂ 'ਤੇ ਵੀ ਲਾਗੂ ਹੁੰਦਾ ਹੈ?

ਸਿਟੀ ਮਲਟੀ-ਫੈਮਿਲੀ ਪ੍ਰਾਪਰਟੀਆਂ (ਟਾਊਨਹਾਊਸ, ਕੌਂਡੋਮੀਨੀਅਮ, ਅਪਾਰਟਮੈਂਟ ਅਤੇ ਖਾਲੀ ਜ਼ਮੀਨ ਵਾਲੇ ਸਟਰੈਟਾ) ਨੂੰ ਠੋਸ ਕੂੜ-ਕਬਾੜ ਚੁੱਕਣ ਦੀਆਂ ਸੇਵਾਵਾਂ ਪ੍ਰਦਾਨ ਨਹੀਂ ਕਰਦਾ ਅਤੇ ਉਨ੍ਹਾਂ ਦਾ ਠੋਸ ਕੂੜ-ਕਬਾੜ ਨਹੀਂ ਚੁੱਕਦਾ ਅਤੇ ਉਨ੍ਹਾਂ ਤੋਂ ਸੇਵਾ ਪ੍ਰਾਪਤੀ ਦੀ ਫੀਸ ਨਹੀਂ ਲੈਂਦਾ। ਮਲਟੀ-ਫੈਮਿਲੀ ਪ੍ਰਾਪਰਟੀਆਂ ਨੂੰ ਰੀਸਾਈਕਲਿੰਗ ਕੂੜ-ਕਬਾੜ ਚੁੱਕਣ ਅਤੇ ਉਸਨੂੰ ਕਿਸੇ ਅਧਿਕਾਰਤ ਡਿੱਪੋ 'ਤੇ ਸੁੱਟਣ ਲਈ ਆਪ ਬੰਦੋਬਸਤ ਕਰਨ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਐੱਮ ਐੱਮ ਬੀ ਸੀ ਪ੍ਰੋਗਰਾਮ 'ਚ ਸ਼ਮੂਲੀਅਤ ਬਾਰੇ ਜਾਣਨ ਲਈ ਆਪਣੇ ਕੂੜ-ਕਬਾੜ ਚੁੱਕਣ ਦੀ ਸੇਵਾ ਪ੍ਰਦਾਨ ਕਰਨ ਵਾਲਿਆਂ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

## ਮੈਂ ਜ਼ਿਆਦਾ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

ਸਿਟੀ ਦੇ ਵੈੱਬਸਾਈਟ **www.abbotsford.ca/collection** ਤੋਂ। ਨਿਵਾਸੀਆਂ ਪਾਸ ਨਵੇਂ ਪ੍ਰੋਗਰਾਮ 'ਚ ਤਬਦੀਲੀ ਦੀ ਤਰੀਕ ਤੋਂ ਪਹਿਲਾਂ ਉਸ ਲਈ ਤਿਆਰ ਹੋਣ ਵਾਸਤੇ ਸਿੱਖਣ ਲਈ ਕਈ ਮਹੀਨੇ ਹੋਣਗੇ।

## ਸੜਕ ਕਿਨਾਰਿਉਂ ਚੁੱਕਣ ਲਈ ਮਨਜ਼ੂਰ ਕੀਤੇ ਜਾਂਦੇ ਰੀਸਾਈਕਲ–ਯੋਗ ਸਮਾਨ

**ਕੂੜ–ਕਬਾੜ ਸਮੱਗਰੀ ਜ਼ਰੂਰ ਖਾਲੀ, ਸਾਫ ਕੀਤੀ ਅਤੇ ਸੁੱਕੀ ਹੋਵੇ।**

**ਛਪਿਆ ਪੇਪਰ**
ਅਖਬਾਰਾਂ, ਫਲਾਇਰ, ਫੋਨ ਬੁੱਕ, ਰਿਸਾਲੇ, ਕਾਗਜ਼, ਲਿਫਾਫੇ, ਗਿਫਟ ਲਪੇਟਣ ਵਾਲੇ ਪੇਪਰ ਅਤੇ ਗਰੀਟਿੰਗ ਕਾਰਡ

**ਪੇਪਰ ਪੈਕੇਜਿੰਗ**
ਪੇਪਰ ਬੈਗ, ਕਾਰਡਬੋਰਡ (ਬੰਨ੍ਹਿਆਂ ਅਤੇ ਬੰਡਲ ਬਣਿਆਂ) ਪੇਪਰ ਦੇ ਆਂਡਿਆਂ ਦੇ ਕਾਰਟਨ, ਪੇਪਰ ਦੀਆਂ ਡਰਿੰਕ ਟਰੇਆਂ, ਬੌਕਸਬੋਰਡ (ਸੀਰੀਅਲ ਦੇ ਬਕਸੇ ਆਦਿ), ਪਾਲਤੂ ਜਾਨਵਰਾਂ ਦੇ ਪੇਪਰ ਦੇ ਭੋਜਨ ਬੈਗ।

**ਪੇਪਰ ਕੰਟੇਨਰ**
ਟੈਟਰਾ ਪੈਕ, ਦੁੱਧ ਅਤੇ ਜੂਸ ਦੇ ਕਾਰਟਨ, ਕੌਫੀ ਕੱਪ ਅਤੇ ਢੱਕਣ, ਜੰਮੇ ਹੋਏ ਡਿਜ਼ਰਟ ਵਾਲੇ ਬਕਸੇ।

**ਛਪਿਆ ਪੇਪਰ**
ਅਖਬਾਰਾਂ, ਫਲਾਇਰ, ਫੋਨ ਬੁੱਕ, ਰਿਸਾਲੇ, ਕਾਗਜ਼, ਲਿਫਾਫੇ, ਗਿਫਟ ਲਪੇਟਣ ਵਾਲੇ ਪੇਪਰ ਅਤੇ ਗਰੀਟਿੰਗ ਕਾਰਡ

**ਪਲਾਸਟਿਕ ਕੰਟੇਨਰ**
ਬੋਤਲਾਂ, ਟੱਬ, ਜੱਗ, ਢੱਕਣ, ਕਲੈਮਸ਼ੈੱਲ ਕੰਟੇਨਰ, ਟਰੇਆਂ ਅਤੇ ਢੱਕਣ

ਟੇਕ-ਆਊਟ ਕੱਪ, ਗਾਰਡਨ ਪੌਟ, ਗਾਰਡਨ ਟਰੇਆਂ, ਬਾਲਟੀਆਂ, ਮਾਈਕਰੋਵੇਵ-ਯੋਗ ਕੌਲੀਆਂ ਤੇ ਕੱਪ

**ਧਾਤ ਦੇ ਕੰਟੇਨਰ ਅਤੇ ਪੈਕੇਜਿੰਗ**
ਫੌਇਲ ਪਲੇਟਾਂ ਅਤੇ ਟਰੇਆਂ, ਐਲੂਮੀਨਮ ਫੌਇਲ, ਕੈਨ ਅਤੇ ਢੱਕਣ, ਘਰੇਲੂ ਏਅਰੋਸੋਲ ਕੰਟੇਨਰ (ਕੋਈ ਰੋਗਨ ਜਾਂ ਤੇਲ ਨਹੀਂ), ਟਿੰਨ ਕੈਨ ਅਤੇ ਢੱਕਣ, ਸੰਘਣੇ ਕੀਤੇ ਜੂਸ ਦੇ ਕੈਨ

**ਨੀਲੇ ਬੈਗ 'ਚ ਮਨਜ਼ੂਰ ਕੀਤੀਆਂ ਜਾਂਦੀਆਂ ਨਵੀਂਆਂ ਵਸਤਾਂ**
ਕੌਫੀ ਪੌਡ (ਕੋਈ ਢੱਕਣ ਜਾਂ ਪੀਠੀ ਕੌਫੀ ਨਹੀਂ)
ਆਂਡਿਆਂ ਦੇ ਪੇਪਰ ਕਾਰਟਨ ਅਤੇ ਟਰੇਆਂ
ਪੇਪਰ ਦੇ ਗਿਫਟਵੇਅਰ ਅਤੇ ਗਰੀਟਿੰਗ ਕਾਰਡ, ਕੋਈ ਫੌਇਲ ਜਾਂ ਰਿਬਨ ਨਹੀਂ
ਟੇਕ-ਆਊਟ ਕੌਫੀ ਕੱਪ ਅਤੇ ਢੱਕਣ
ਘਰੇਲੂ ਏਅਰੋਸੋਲ ਕੰਟੇਨਰ, ਕੋਈ ਰੋਗਨ ਜਾਂ ਤੇਲ ਨਹੀਂ

## ਕੇਵਲ ਡਿੱਪੋ 'ਤੇ ਮਨਜ਼ੂਰ

ਸ਼ੀਸ਼ਾ, ਫਿਲਮ ਪਲਾਸਿਟਕਾਂ (ਸ਼ਾਪਿੰਗ ਬੈਗ, ਬ੍ਰੈੱਡ ਬੈਗ ਆਦਿ) ਅਤੇ ਫੋਮ ਪੈਕੇਜਿੰਗ ਤੁਹਾਡੇ ਨੀਲੇ ਬੈਗ 'ਚ **ਮਨਜ਼ੂਰ ਨਹੀਂ ਕੀਤੇ ਜਾਂਦੇ**। ਇਹ ਵਸਤਾਂ ਹੁਣ ਨੇੜੇ ਦੇ ਐੱਮ ਐੱਮ ਬੀ ਸੀ ਰੀਸਾਈਕਲ ਡਿੱਪੋ 'ਤੇ ਲਿਜਾਈਆਂ ਜਾ ਸਕਦੀਆ ਹਨ।

**ਸ਼ੀਸ਼ਾ**
ਬੋਤਲਾਂ ਅਤੇ ਜਾਰ

**ਪਲਾਸਟਿਕ ਕੰਟੇਨਰ**
ਫਿਲਮ ਪਲਾਸਟਿਕ

**ਫਿਲਮ ਪਲਾਸਟਿਕ**
ਬੋਤਲਾਂ, ਟੱਬ, ਜੱਗ, ਢੱਕਣ, ਕਲੈਮਸ਼ੈੱਲ ਕੰਟੇਨਰ, ਟਰੇਆਂ ਅਤੇ ਢੱਕਣ

**ਫੋਮ ਪੈਕੇਜਿੰਗ**
ਸਟਾਇਰੋਫੋਮਠੰ, ਭੋਜਨ ਦੇ ਸਾਫ ਕੀਤੇ ਕੰਟੇਨਰ ਓਤੇ ਟਰੇਆਂ, ਇਲੈਕਟ੍ਰਾਨਿਕਸ ਅਤੇ ਛੋਟੇ ਐਪਲਾਇੰਸਾਂ ਦੀ ਪੈਕੇਜਿੰਗ